Downloaded From : https://cbseportal.com/papers

# ਪੰਜਾਬੀ—104

## XII (ਬਾਰ੍ਹਵੀਂ)

# MARKING SCHEME (ਉੱਤਰ ਕੁੰਜੀ)

## (ਮਾਰਚ-ਅਪ੍ਰੈਲ 2024-25)

### ਭਾਗ-1: ਪੜ੍ਹਨ ਕੌਸ਼ਲ (Part-I: Reading Skill) — 8+8+7=23

1. ਵਾਰਤਕ ਪੈਰੇ ਦੇ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ —

    (i) (D) ਉਪਰੋਕਤ ਸਾਰੇ

    (ii) (A) ਸਿੰਧ ਘਾਟੀ ਦੀ ਖੁਦਾਈ 'ਚੋਂ

    (iii) (B) ਲੋਕ-ਕਲਾ

    (iv) (D) ਸ਼ਾਸਤਰੀ ਕਲਾ

    (v) (D) ਉਪਰੋਕਤ ਸਾਰੇ

    (vi) (B) ਜਿਸ ਦਾ ਲਿਖਤੀ ਸ਼ਾਸਤਰ ਬਣ ਗਿਆ ਹੋਵੇ

    (vii) (C) ਲੋਕ-ਕਲਾ

    (viii) (A) ਲੋਕ ਕਲਾਵਾਂ

### ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) — 8

2. ਮੈਸਰਜ਼ ਗਰਗ ਫੋਟੋਸਟੇਟ ਹਾਊਸ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮੈਸਰਜ਼ ਮਾਡਰਨ ਇੰਜੀਨੀਅਰ ਤਕਨਾਲੋਜੀ ਲੁਧਿਆਣਾ ਨੂੰ ਇੱਕ ਫੋਟੋਸਟੇਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਾਉਣ ਬਾਰੇ ਪੱਤਰ ਲਿਖੋ।

| | |
|---|---|
| ਅਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |


(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ ਮੇਲੇ ਵਿੱਚ ਆਪਣਾ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ।

| | |
|---|---|
| ਅਰੰਭਲਾ ਭਾਗ | 3 ਅੰਕ |





Downloaded From : https://cbseportal.com/papers

ਵਿਚਕਾਰਲਾ ਭਾਗ 4 ਅੰਕ

ਅੰਤਲਾ ਭਾਗ 1 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

3. **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਰੁੱਖਾਂ ਦੀ ਮਹੱਤਤਾ

ਵਿਸ਼ੇ ਦੀ ਪੇਸ਼ਕਾਰੀ 2 ਅੰਕ

ਵਿਸ਼ੇ ਦਾ ਗਿਆਨ 3 ਅੰਕ

ਸ਼ਬਦ ਚੋਣ 1 ਅੰਕ

ਸ਼ਬਦ-ਜੋੜ 1 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਸਾਡੀ ਪਰੀਖਿਆ ਪ੍ਰਣਾਲੀ

ਵਿਸ਼ੇ ਦੀ ਪੇਸ਼ਕਾਰੀ 2 ਅੰਕ

ਵਿਸ਼ੇ ਦਾ ਗਿਆਨ 3 ਅੰਕ

ਸ਼ਬਦ ਚੋਣ 1 ਅੰਕ

ਸ਼ਬਦ-ਜੋੜ 1 ਅੰਕ

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

## ਭਾਗ-3: ਵਿਹਾਰਕ ਵਿਆਕਰਨ (Part-III: Grammar) 13

4. **ਵਾਕ-ਵਟਾਂਦਰਾ** (3X1)**3**

(i) ਅੱਜ ਕੱਲ੍ਹ ਕੋਈ ਕਿਸੇ ਦੇ ਆਖੇ ਨਹੀਂ ਲੱਗਦਾ।

(ii) ਸਿਆਣੇ ਬੱਚੇ ਹਮੇਸ਼ਾ ਵੱਡਿਆਂ ਦਾ ਆਦਰ ਕਰਦੇ ਹਨ।

(iii) ਕਾਰ ਰਾਜੂ ਦੁਆਰਾ ਚਲਾਈ ਗਈ।

(iv) ਤੁਸੀਂ ਦੌਲਤਮੰਦ ਹੋ ਪਰ ਸੁਖੀ ਨਹੀਂ।

5. **ਅਖਾਣ/ਅਖਾਉਤਾਂ** (5X2)**10**

(i) (**ਸੰਗਤ ਦਾ ਅਸਰ ਹੁੰਦਾ ਹੈ**) ਜਮਾਤ ਵਿੱਚ ਅਧਿਆਪਕ ਮਾੜੀ ਸੰਗਤ ਤੋਂ ਦੂਰ ਰਹਿਣ ਦੀ ਸਿੱਖਿਆ ਦੇ ਰਿਹਾ ਸੀ ਤੇ ਕਹਿ ਰਿਹਾ ਰਿਹਾ ਸੀ ਕਿ ਮਾੜੀ ਸੰਗਤ ਡੋਬ ਦਿੰਦੀ ਹੈ ਜਦ ਕਿ ਚੰਗੀ ਸੰਗਤ ਵਿੱਚ ਰਹਿ ਕੇ ਮਨੁੱਖ ਤਰ ਜਾਂਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ, '**ਸੰਗ ਤਾਰੇ ਕੁਸੰਗ ਡੋਬੇ।**'

(ii) (**ਜਦ ਕਿਸੇ ਦੀ ਰੀਸ ਕਰਕੇ ਦੂਜੇ ਵੀ ਉਹੀ ਕੰਮ ਕਰਨ**) ਮੇਰੀ ਭੂਆ ਜੀ ਜਦੋਂ ਘਰੋਂ ਜਾਣ ਲੱਗੇ ਤੇ

Download FREE CBSE E-BOOKS
FREE!
CLICK HERE

Downloaded From : https://cbseportal.com/papers

ਮੈਨੂੰ ਸੌ ਰੁਪਏ ਦੇਣ ਲੱਗੇ। ਇੰਨੇ ਨੂੰ ਮੇਰੇ ਛੋਟੇ ਭੈਣ-ਭਰਾ ਵੀ ਆ ਗਏ ਤੇ ਉਹਨਾਂ ਦੇ ਮਗਰ ਪੈ ਗਏ ਤੇ ਪੈਸੇ ਮੰਗਣ ਲੱਗੇ। ਇਹ ਤਾਂ ਉਹੀ ਗੱਲ ਹੋਈ **'ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ।'**

(iii) (**ਰੱਜ ਕੇ ਕੀਤੀ ਮਿਹਨਤ ਨਾਲ ਸੁੱਖ ਦੇ ਸਾਧਨ ਪੈਦਾ ਹੁੰਦੇ ਹਨ**) ਸਖ਼ਤ ਮਿਹਨਤ ਕਰਨ ਨਾਲ ਜੀਵਨ ਵਿੱਚ ਸੁੱਖ ਅਤੇ ਸਫ਼ਲਤਾ ਮਿਲਦੀ ਹੈ। ਸਿਆਣਿਆਂ ਨੇ ਠੀਕ ਕਿਹਾ ਹੈ, **'ਜੋ ਰਾਤੀ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ।'**

(iv) (**ਲੜਾਈ ਵਿੱਚ ਦੋਹਾਂ ਧਿਰਾਂ ਨੂੰ ਨੁਕਸਾਨ ਹੁੰਦਾ ਹੈ**) ਮਹਿੰਦਰ ਨੇ ਰਾਜੂ ਨੂੰ ਕਿਹਾ ਕਿ ਅਸੀਂ ਮਿਲ-ਬੈਠ ਕੇ ਗੱਲ ਮੁਕਾ ਲੈਂਦੇ ਹਾਂ ਤੇ ਤੂੰ ਵਾਰ-ਵਾਰ ਥਾਣੇ ਦੀ ਧਮਕੀ ਨਾ ਦੇ। ਇਹ ਗੱਲ ਯਾਦ ਰੱਖੀਂ ਕਿ **'ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ਹੁੰਦੇ ਹਨ।'**

(v) (**ਖ਼ੂਨ ਦੀ ਸਾਂਝ ਖ਼ਤਮ ਨਹੀਂ ਹੁੰਦੀ**) ਲੋਕਾਂ ਨੇ ਦੋਹਾਂ ਭਰਾਵਾਂ ਵਿੱਚ ਫੁੱਟ ਪਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਸਫ਼ਲ ਨਾ ਹੋਏ। ਸਿਆਣਿਆਂ ਨੇ ਠੀਕ ਹੀ ਕਿਹਾ ਹੈ, **'ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ।'**

(vi) (**ਬੇਅਰਥ ਬਹਿਸ ਵਿੱਚੋਂ ਕੁਝ ਨਹੀਂ ਨਿਕਲਦਾ**) ਛੋਟੀ ਜਿਹੀ ਗੱਲ ਤੇ ਦੋਵੇਂ ਭਰਾ ਝਗੜਨ ਲੱਗੇ ਤਾਂ ਦਾਦੀ ਜੀ ਨੇ ਆ ਕੇ ਸਮਝਾਇਆ ਕਿ ਬੈਠ ਕੇ ਅਰਾਮ ਨਾਲ਼ ਗੱਲ ਕਰੋ। ਜੇਕਰ ਇਸੇ ਤਰ੍ਹਾਂ ਝਗੜਦੇ ਰਹੇ ਤਾਂ ਗੱਲ ਕਦੇ ਮੁੱਕਣੀ ਨਹੀਂ ਕਿਉਂਕਿ, **'ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ।'**

## ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 44

## (Part-IV: Text Books based questions)

### ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

**ਸੌਂ ਗਈਆਂ ਹਵਾਵਾਂ ਰੋ-ਰੋ...............ਭੱਠੀ ਵਾਲੀਏ।**

**ਪ੍ਰਸੰਗ —** ਇਹ ਕਾਵਿ-ਟੁਕੜੀ ਸਾਡੀ ਪੰਜਾਬੀ ਦੀ ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਦਰਜ ਸ਼ਿਵ ਕੁਮਾਰ ਬਟਾਲਵੀ ਦੇ ਗੀਤ 'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਵਿੱਚੋਂ ਲਈਆਂ ਗਈਆਂ ਹਨ। ਇਸ ਗੀਤ ਵਿੱਚ ਕਵੀ ਨੇ ਇੱਕ ਦੁਖੀ ਜਿੰਦ ਦੀ ਵੇਦਨਾ ਬਿਆਨ ਕੀਤੀ ਹੈ।

**ਵਿਆਖਿਆ —** ਕਵੀ ਭੱਠੀ ਵਾਲ਼ੀ ਨੂੰ ਸੰਬੋਧਨ ਕਰਦਾ ਰਹਿੰਦਾ ਹੈ ਕਿ ਹੁਣ ਤਾਂ ਹਵਾਵਾਂ ਵੀ ਰੋ-ਰੋ ਕੇ ਅਤੇ ਵਰਲਾਪ ਕਰ-ਕਰ ਕੇ ਸੌਂ ਗਈਆਂ ਹਨ। ਤਾਰਿਆਂ ਨੂੰ ਵੀ ਮੱਠਾ-ਮੱਠਾ ਤਾਪ ਚੜ੍ਹ ਗਿਆ ਹੈ। ਕਵੀ ਪ੍ਰਕਿਰਤੀ ਨੂੰ ਵੀ ਆਪਣੇ ਦੁੱਖਾਂ ਦੀ ਭਾਈਵਾਲ ਬਣੀ ਸਮਝਦਾ ਹੈ। ਕਵੀ ਕਹਿੰਦਾ ਹੈ ਕਿ ਹੁਣ ਤਾਂ ਸ਼ਾਹਾਂ ਦੀ ਜੰਞ ਦਾ ਲਾੜਾ ਵੀ ਰੁੱਸ ਗਿਆ ਹੈ, ਭਾਵ ਮੌਤ ਨੇੜੇ ਹੈ। ਕਵੀ ਭੱਠੀ ਵਾਲ਼ੀ ਨੂੰ ਪੀੜਾਂ ਦਾ ਪਰਾਗਾ ਭੁੰਨਣ ਲਈ ਕਹਿੰਦਾ ਹੈ।

**ਜਾਂ**

**ਦੁਧੀਆਂ ਨਾਲ਼ ਪਲਮਦੇ ..............ਬਿਆਈਆਂ-ਪਾਟੇ।**

**ਪ੍ਰਸੰਗ ——** ਇਹ ਕਾਵਿ-ਸਤਰਾਂ ਸਾਡੀ ਬਾਰ੍ਹਵੀਂ ਜਮਾਤ ਦੀ ਪਾਠ-ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਦਰਜ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹਲ' ਵਿੱਚੋਂ ਲਈਆਂ ਗਈਆਂ ਹਨ। ਇਹਨਾਂ ਸਤਰਾਂ ਵਿੱਚ ਕਵੀ ਨੇ ਤਾਜ





Downloaded From : https://cbseportal.com/papers

ਮਹਲ ਦਾ ਚੰਨ-ਚਾਨਣੀ ਰਾਤ ਦਾ ਖ਼ੂਬਸੂਰਤ ਦ੍ਰਿਸ਼ ਪੇਸ਼ ਕੀਤਾ ਹੈ।

**ਵਿਆਖਿਆ —** ਕਵੀ ਮਜ਼ਦੂਰਨੀਆਂ ਵੱਲੋਂ ਤਾਜ ਮਹਲ ਦੀ ਉਸਾਰੀ ਲਈ ਕੀਤੀ ਮਿਹਨਤ ਦੀ ਕਲਪਨਾ ਕਰਦਾ ਆਖਦਾ ਹੈ ਕਿ ਉਹਨਾਂ ਦੇ ਦੁੱਧ ਚੁੰਘਦੇ ਬੱਚੇ ਛਾਤੀਆਂ ਨਾਲ ਲਮਕਦੇ ਸਨ ਪਰ ਇਹ ਮਾਵਾਂ ਇਸ ਹਾਲਤ ਵਿੱਚ ਵੀ ਆਪਣੇ ਕੰਮ ਵਿੱਚ ਰੁੱਝੀਆਂ ਹੋਈਆਂ ਸਨ। ਉਹਨਾਂ ਦੀਆਂ ਅੱਖਾਂ ਵਿੱਚ ਅੱਥਰੂ ਛਲਕ ਰਹੇ ਸਨ ਅਤੇ ਹਿੱਕਾਂ ਵਿੱਚ ਆਹਾਂ ਸਨ। ਇਸ ਤਰ੍ਹਾਂ ਕਵੀ ਇਹਨਾਂ ਮਜ਼ਦੂਰਨੀਆਂ ਦੀ ਗ਼ਰੀਬੀ ਅਤੇ ਲਾਚਾਰੀ ਦਾ ਚਿੱਤਰ ਪੇਸ਼ ਕਰਦਾ ਹੈ। ਇਹਨਾਂ ਮਜ਼ਦੂਰਾਂ/ਮਜ਼ਦੂਰਨੀਆਂ ਦੇ ਭੁੱਖੇ ਪੇਟ ਬੋਕਿਆਂ (ਚਮੜੇ ਕੇ ਖ਼ਾਲੀ ਡੋਲ) ਵਰਗੇ ਚਿੱਬ-ਖੜਿੱਬੇ ਸਨ ਅਤੇ ਉਨ੍ਹਾਂ ਦੇ ਗਾਟੇ ਸੁੱਕੇ ਤੁੱਕਿਆਂ ਵਰਗੇ ਸਨ। ਕੰਮ ਕਰਨ ਕਰਕੇ ਉਹਨਾਂ ਦੇ ਹੱਥਾਂ 'ਤੇ ਛਾਲੇ ਹੀ ਛਾਲੇ ਸਨ ਅਤੇ ਉਹਨਾਂ ਦੇ ਪੈਰਾਂ ਵਿੱਚ ਬਿਆਈਆਂ ਪਾਟੀਆਂ ਹੋਈਆਂ ਸਨ।

7. **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ (4X1)=4

(i) (A) ਨਿੱਕੇ ਸਮੁੰਦਰਾਂ ਵਾਂਗ

(ii) (B) ਮਾਤਾ ਗੁਜਰੀ ਜੀ ਨੇ

(iii) (C) ਉਪਜਾਊ

(iv) (A) ਪਿਤਾ ਦੀ ਮੌਤ ਕਾਰਨ

## ਕਹਾਣੀਆਂ ਵਿੱਚੋਂ **17**

8. **'ਨੀਲੀ'** ਕਹਾਣੀ ਵਿੱਚ ਗਵਾਲਾ ਮੁੱਖ ਪਾਤਰ ਹੈ। ਉਹ ਕਠੋਰ ਦਿਲ ਦਾ ਅਤੇ ਸਿਰਫ਼ ਆਪਣਾ ਫ਼ਾਇਦਾ ਵੇਖਣ ਵਾਲ਼ਾ ਇਨਸਾਨ ਹੈ। ਹੇਠ ਲਿਖੇ ਨੁਕਤੇ ਗਵਾਲੇ ਦੇ ਪਾਤਰ ਨੂੰ ਉਭਾਰਦੇ ਹਨ— **6**

(i) ਸੁਆਰਥੀ ਆਦਮੀ—ਗਵਾਲਾ ਪੈਸੇ ਖਾਤਰ ਨੀਲੀ ਦਾ ਸਾਰਾ ਦੁੱਧ ਚੋ ਲੈਂਦਾ ਸੀ ਤੇ ਨੀਲੀ ਦੀ ਵੱਛੀ ਨੂੰ ਦੁੱਧ (ਖ਼ੁਰਾਕ) ਨਹੀਂ ਮਿਲ਼ਦੀ ਸੀ।

(ii) **ਆਪਣੀ ਗ਼ਲਤੀ ਨਾ ਮੰਨਣ ਵਾਲ਼ਾ —** ਲੇਖਕ ਦੀ ਪਤਨੀ ਦੇ ਵਾਰ-ਵਾਰ ਕਹਿਣ 'ਤੇ ਵੀ ਉਹ ਵੱਛੀ ਲਈ ਦੁੱਧ ਨਹੀਂ ਛੱਡਦਾ ਤੇ ਵੱਛੀ ਦੀ ਜਾਨ ਚਲੀ ਜਾਂਦੀ ਹੈ।


(iii) **ਹਰ ਚੀਜ਼ 'ਤੇ ਪੈਸਾ ਬਚਾਉਣ ਵਾਲ਼ਾ —** ਨੀਲੀ ਦੀ ਵੱਛੀ ਜਦੋਂ ਥਣਾਂ ਨੂੰ ਮੂੰਹ ਮਾਰਦੀ ਤੇ ਨੀਲੀ ਦੁੱਧ ਲਾਹ ਛੱਡਦੀ ਸੀ। ਜਿਸ ਕਰਕੇ ਗਵਾਲੇ ਨੇ ਮਸਾਲੇ ਦੀ ਟੋਕਰੀ ਲਿਆਉਣੀ ਬੰਦ ਕਰ ਦਿੱਤੀ ਸੀ।

(iv) **ਗੁੱਸੇ ਵਾਲ਼ਾ —** ਵੱਛੀ ਦੇ ਮਰ ਜਾਣ ਕਾਰਨ ਨੀਲੀ ਕੁਝ ਕੁ ਦਿਨਾਂ ਲਈ ਦੁੱਧ ਦੇਣਾ ਛੱਡ ਦਿੰਦੀ ਹੈ। ਉਹ ਕੁਝ ਦਿਨ ਤੱਕ ਕੁਝ ਨਹੀਂ ਖਾਂਦੀ। ਐਨਾ ਕੁਝ ਹੋਣ 'ਤੇ ਵੀ ਜਦੋਂ ਨੀਲੀ ਨੇ ਚਾਰਾ ਖਾਣਾ ਸ਼ੁਰੂ ਕੀਤਾ ਪਰ ਹਾਲੇ ਦੁੱਧ ਦੇਣ ਨੂੰ ਉਹ ਤਿਆਰ ਨਹੀਂ ਸੀ ਤਾਂ ਗਵਾਲਾ ਉਸ ਉਪਰ ਜ਼ਰਾ ਵੀ ਤਰਸ ਨਹੀਂ ਖਾਂਦਾ ਤੇ ਉਸ ਅੱਗੋਂ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਂਦਾ ਹੈ।

(v) **ਦੁੱਧ ਦੇਣ ਵੇਲੇ ਪਿਆਰ ਕਰਨ ਵਾਲ਼ਾ —** ਗਵਾਲਾ ਨੀਲੀ ਦਾ ਦੁੱਧ ਚੋਣ ਵੇਲੇ ਉਸ ਦੀ ਪਿੱਠ 'ਤੇ ਹੱਥ ਫੇਰਦਾ ਹੈ ਅਤੇ ਉਸ ਦੇ ਸਿੰਗਾਂ ਨੂੰ ਸਹਿਲਾਉਂਦਾ ਹੈ।

**ਜਾਂ**





Downloaded From : https://cbseportal.com/papers

**'ਘਰ ਜਾ ਆਪਣੇ'** ਕਹਾਣੀ ਗੁਲਜ਼ਾਰ ਸਿੰਘ ਸੰਧੂ ਦੀ ਰਚਨਾ ਹੈ। ਇਸ ਵਿੱਚ ਕਹਾਣੀਕਾਰ ਨੇ ਪੰਜਾਬੀ ਸਮਾਜ ਵਿੱਚ ਹੁੰਦੇ ਵਿਆਹ ਦੀਆਂ ਰਸਮਾਂ-ਰੀਤਾਂ ਦਾ ਜ਼ਿਕਰ ਕੀਤਾ ਹੈ। ਬੇਸ਼ਕ ਅਜੋਕੇ ਸਮੇਂ ਵਿੱਚ ਵਿਆਹ ਦੇ ਤੌਰ-ਤਰੀਕੇ ਬਦਲ ਗਏ ਹਨ ਪਰ ਕਹਾਣੀ ਵਿੱਚ ਪੇਸ਼ ਵਿਆਹ ਦੀਆਂ ਤਿਆਰੀਆਂ ਅਤੇ ਭੈਣ-ਭਰਾ ਦਾ ਰਿਸ਼ਤਾ ਬਾਖੂਬੀ ਉਘੜਦਾ ਨਜ਼ਰ ਆਉਂਦਾ ਹੈ। ਰਿਸ਼ਤੇਦਾਰ ਅਤੇ ਘਰਦਿਆਂ ਨੇ ਜੀਤੋ ਦੇ ਵੀਰ ਵੱਲੋਂ ਵਿਆਹ ਕਰਨ ਲਈ ਮਨ੍ਹਾ ਹੋਣ 'ਤੇ ਜੀਤੋ ਦਾ ਹੀ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ। ਜੀਤੋ ਆਪਣੇ ਭਰਾ ਤੋਂ ਛੋਟੀ ਸੀ। ਜਿਉਂ-ਜਿਉਂ ਵਿਆਹ ਦੇ ਦਿਨ ਨੇੜੇ ਆ ਰਹੇ ਸਨ, ਜੀਤੋ ਦੇ ਭਰਾ ਦੀ ਕੰਮਾਂ ਨਾਲ਼ ਮੱਤ ਮਾਰੀ ਗਈ ਸੀ। ਜੀਤੋ ਦੇ ਮਾਪਿਆਂ ਅਤੇ ਭਰਾ ਨੇ ਉਸ ਨੂੰ ਚਾਵਾਂ-ਮਲ੍ਹਾਰਾਂ ਨਾਲ਼ ਪਾਲਿਆ ਸੀ। ਵਿਆਹ ਵਾਲੇ ਦਿਨ ਸ਼ਾਮ ਨੂੰ ਨਾਨਕੇ, ਨਾਨਕੀ ਛੱਕ ਲੈ ਕੇ ਪਹੁੰਚ ਗਏ ਤੇ ਬਾਕੀ ਰਿਸ਼ਤੇਦਾਰ ਵੀ ਹੌਲ਼ੀ-ਹੌਲ਼ੀ ਸਰਦਾ-ਬਣਦਾ ਲੈ ਕੇ ਪਹੁੰਚ ਗਏ। ਵਿਆਹ ਵਾਲ਼ੇ ਦਿਨ ਜੀਤੋ ਨੂੰ ਲਾਲ ਸੂਟ ਵਿੱਚ ਬੜੀ ਸੋਹਣੀ ਤਿਆਰ ਕਰਕੇ ਅਨੰਦ ਕਾਰਜ ਲਈ ਬਿਠਾਇਆ ਗਿਆ। ਅਨੰਦ ਕਾਰਜ ਵੇਲੇ ਦਾ ਮਾਹੌਲ ਬੜਾ ਉਦਾਸ ਸੀ। ਰਾਗੀਆਂ ਅਤੇ ਕੀਰਤਨੀਆਂ ਨੇ ਵਿਦਾਇਗੀ ਨਾਲ਼ ਸੰਬੰਧਿਤ ਸ਼ਬਦ ਪੜ੍ਹ ਕੇ ਕੁਆਰੀਆਂ ਕੁੜੀਆਂ ਨੂੰ ਰੋਣ 'ਤੇ ਮਜ਼ਬੂਰ ਕਰ ਦਿੱਤਾ। ਜੀਤੋ ਦੀ ਪੰਜਵੀਂ ਜਮਾਤ ਦੀ ਜਮਾਤਣ ਨੇ ਰੋਂਦੀ ਹੋਈ ਨੇ ਜੀਤੋ ਦੇ ਵੀਰ ਨੂੰ ਜੀਤੋ ਨਾਲ਼ ਸਹੁਰੇ ਜਾਣ ਲਈ ਕਿਹਾ ਤਾਂ ਜੀਤੋ ਦੇ ਵੀਰ ਨੇ ਉਸ ਨੂੰ ਝਿੜਕ ਦਿੱਤਾ। ਜੀਤੋ ਦੀ ਮਾਂ ਨੇ ਵੀ ਉਸ ਦੇ ਭਰਾ ਨੂੰ ਜਾਣ ਲਈ ਮਨਾਇਆ ਪਰ ਉਹ ਨਾ ਮੰਨਿਆ ਅਤੇ ਤਾਏ ਦੀ ਵੱਡੀ ਕੁੜੀ ਨੂੰ ਵੀ ਜੀਤੋ ਦੇ ਭਰਾ ਨੇ ਮਨ੍ਹਾ ਕਰ ਦਿੱਤਾ। ਇਸ ਤੋਂ ਪਿੱਛੋਂ ਕਿਸੇ ਨੇ ਕੁਝ ਨਾ ਕਿਹਾ। ਜੰਞ ਤੁਰਨ ਵਿੱਚ ਦੇਰ ਹੋ ਰਹੀ ਸੀ। ਪੁਰਾਣੀਆਂ ਗੱਲਾਂ ਯਾਦ ਕਰਕੇ ਜੀਤੋ ਦਾ ਭਰਾ ਉਦਾਸ ਹੋ ਗਿਆ। ਅੰਤ ਵਿੱਚ ਜੀਤੋ ਦਾ ਭਰਾ ਛੋਟੇ ਭਰਾ ਨੂੰ ਜੀਤੋ ਕੋਲੋਂ ਉਠਾ ਕੇ ਜੀਤੋ ਦੇ ਨਾਲ਼ ਵਾਲ਼ੀ ਸੀਟ 'ਤੇ ਸਬਜ਼ੀ ਲੱਗੇ ਕੱਪੜਿਆਂ ਨਾਲ਼ ਬੈਠ ਗਿਆ। ਇਸ ਤਰ੍ਹਾਂ ਕਹਾਣੀ ਦਾ ਵਿਸ਼ਾ-ਵਸਤੂ ਪੰਜਾਬੀ ਸੱਭਿਆਚਾਰ ਅਨੁਸਾਰ ਪਿੰਡਾਂ ਵਿੱਚ ਹੁੰਦੇ ਵਿਆਹ ਦੀ ਤਸਵੀਰ ਬਿਆਨ ਕਰਦਾ ਹੈ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

**9. ਬਹੁ-ਵਿਕਲਪੀ—** (5X1)=5

(i) (A) ਡੱਬੀਦਾਰ


(ii) (B) ਗਾਗਰ ਵਿੱਚ

(iii) (C) ਸਤਾਰਾਂ ਸਾਲ

(iv) (B) ਮੱਧ, ਨਿਮਨ ਵਰਗ

(v) (D) ਦਿਨੇਸ਼

(vi) (A) ਸ਼ਹਿਰ ਤੱਕ



Downloaded From : https://cbseportal.com/papers

10. ਪ੍ਰਸ਼ਨਾਂ ਦੇ **ਉੱਤਰ 25 ਤੋਂ 30 ਸ਼ਬਦਾਂ** ਵਿੱਚ— (4X2)=8

(i) **'ਸਾਂਝ'** ਕਹਾਣੀ ਵਿੱਚ ਪ੍ਰੋਫ਼ੈਸਰ ਅਤੇ ਲਾਲ ਚੀਰੇ ਵਾਲੇ ਸਾਈਕਲ ਸਵਾਰ ਵਿਚਕਾਰ ਹਮਦਰਦੀ ਦੀ ਸਾਂਝ ਦਾ ਜ਼ਿਕਰ ਆਇਆ ਹੈ। ਦੋਵੇਂ ਬੁੱਢੀ ਮਾਈ ਦੀ ਮਦਦ ਕਰਨਾ ਚਾਹੁੰਦੇ ਹਨ ਪਰ ਆਪਣੀ-ਆਪਣੀ ਥਾਂ ਮਜ਼ਬੂਰ ਹੁੰਦੇ ਹਨ। ਫਿਰ ਵੀ ਆਪਣੀ ਸਮਰੱਥਾ ਅਨੁਸਾਰ ਦੋਵੇਂ ਬੁੱਢੀ ਮਾਈ ਦੀ ਮਦਦ ਕਰਦੇ ਹਨ।

(ii) ਗਵਾਲਾ ਲੇਖਕ ਦੀ ਪਤਨੀ ਨੂੰ ਕਹਿੰਦਾ ਹੈ ਕਿ ਨੀਲੀ ਆਪਣੀ ਵੱਛੀ ਲਈ ਦੁੱਧ ਛੁਪਾ ਕੇ ਰੱਖ ਲੈਂਦੀ ਹੈ ਅਤੇ ਬਾਅਦ ਵਿੱਚ ਵੱਛੀ ਨੂੰ ਪਿਲਾ ਦਿੰਦੀ ਹੈ।

(iii) ਜੇਠ ਦੀ ਧੁੱਪ ਨੇ ਸੜਕ ਦੀ ਲੁੱਕ ਨੂੰ ਕਈ ਥਾਵਾਂ ਤੋਂ ਪਿਘਲਾ ਦਿੱਤਾ ਸੀ। ਲੁੱਕ ਸਾਈਕਲ ਦੇ ਪਹੀਆਂ ਨੂੰ ਲੱਗਦੀ ਜਾ ਰਹੀ ਸੀ। ਲੇਖਕ ਬਚ-ਬਚ ਕੇ ਪੱਕੀ ਲੁੱਕ ਤੇ ਬਜਰੀ ਵਾਲੀ ਥਾਂ ਤੋਂ ਲੰਘ ਰਿਹਾ ਸੀ।

(iv) ਜੀਤੋ ਦੇ ਵੀਰ ਨੂੰ ਗੱਚ ਇਸ ਕਰਕੇ ਭਰ ਆਇਆ ਕਿ ਜੀਤੋ ਕਾਰ ਵਿੱਚ ਬੈਠ ਕੇ ਬਹੁਤ ਰੋ ਰਹੀ ਸੀ ਅਤੇ ਉਸ ਨੇ ਵੀਰ ਵੱਲੋਂ ਦਿੱਤੇ ਰੁਪਏ ਵੀ ਕਾਰ ਤੋਂ ਬਾਹਰ ਸੁੱਟ ਦਿੱਤੇ ਸਨ।

(v) ਲੇਖਕ ਦੀ ਪਤਨੀ ਰਿਕਸ਼ੇ ਵਾਲੇ ਦੀ ਵਕਾਲਤ ਕਰਦੀ ਕਹਿੰਦੀ ਹੈ ਕਿ ਕਈ ਵਾਰ ਸਾਡੇ ਪੈਸੇ ਕਿਤੇ ਡਿੱਗ ਵੀ ਪੈਂਦੇ ਹਨ, ਬੱਚੇ ਹਰ ਰੋਜ਼ ਕਿੰਨੇ ਪੈਸੇ ਖ਼ਰਚ ਦਿੰਦੇ ਹਨ ਅਤੇ ਅਸੀਂ ਹਰ ਰੋਜ਼ ਕਿੰਨੇ ਪੈਸੇ ਐਵੇਂ ਹੀ ਰੋੜ੍ਹ ਦਿੰਦੇ ਹਾਂ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

11. **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ— (5X1)=5

(i) (A) ਮਨ-ਪਰਚਾਵੇ ਤੇ ਮੇਲ ਜੋਲ

(ii) (B) ਲੂਣ ਤੇਲ ਲਕੜ੍ਹੇ

(iii) (C) ਸਾਡੇ ਜਜ਼ਬਿਆਂ ਦੀ

(iv) (D) ਧਮਾਲ

(v) (A) ਭੈਣ

12. ਪ੍ਰਸ਼ਨਾਂ ਦੇ **ਉੱਤਰ 70 ਤੋਂ 80 ਸ਼ਬਦਾਂ** ਵਿੱਚ— (4X2)=8

ਮੌਸਮੀ ਮੇਲੇ ਰੁੱਤਾਂ ਦੇ ਬਦਲਦੇ ਗੇੜ ਵਿੱਚੋਂ ਪੈਦਾ ਹੁੰਦੇ ਹਨ। ਬਸੰਤ, ਹੋਲੀ ਅਤੇ ਤੀਆਂ ਆਦਿ ਪੰਜਾਬ ਦੇ ਮੁੱਖ ਮੌਸਮੀ ਮੇਲੇ ਹਨ। ਬਸੰਤ-ਪੰਚਮੀ ਦਾ ਮੇਲਾ ਬਹਾਰ ਦੀ ਰੁੱਤ ਵਿੱਚ ਆਉਂਦਾ ਹੈ। ਹੋਲੀ ਦੇ ਸੰਬੰਧ ਵਿੱਚ ਫੱਗਣ ਵਿੱਚ ਮੇਲੇ ਲੱਗਦੇ ਹਨ। ਤੀਆਂ ਦੇ ਮੇਲੇ ਸਾਵਣ ਵਿੱਚ ਜੁੜਦੇ ਹਨ।

ਬਸੰਤ ਪੰਚਮੀ — ਮੌਸਮੀ ਤਿਉਹਾਰਾਂ ਵਿੱਚ ਬਸੰਤ ਪੰਚਮੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਸਮੇਂ ਬਹਾਰ ਦੀ ਰੁੱਤ ਖੁਸ਼ੀਆਂ ਵੰਡਦੀ ਹੈ। ਬਸੰਤ ਪੰਚਮੀ ਦਾ ਤਿਉਹਾਰ ਮਾਘ ਸੁਦੀ ਪੰਜ ਨੂੰ ਬੜੇ ਚਾਅ ਤੇ ਖੁਸ਼ੀ ਨਾਲ਼ ਮਨਾਇਆ ਜਾਂਦਾ ਹੈ। ਇਸ ਦਿਨ ਅਨੇਕਾਂ ਥਾਂਵਾਂ 'ਤੇ ਨਿੱਕੇ-ਵੱਡੇ ਮੇਲੇ ਲੱਗਦੇ ਹਨ। ਪਟਿਆਲੇ ਅਤੇ ਛੇਹਰਟੇ ਦੀ ਬਸੰਤ-

Download FREE CBSE E-BOOKS
FREE!
CLICK HERE

Downloaded From : https://cbseportal.com/papers

ਪੰਚਮੀ ਬਹੁਤ ਪ੍ਰਸਿੱਧ ਹੈ। ਦੇਸ ਦੀ ਵੰਡ ਤੋਂ ਪਹਿਲਾਂ ਲਾਹੌਰ ਵਿੱਚ ਹਕੀਕਤ ਰਾਏ ਦੀ ਸਮਾਧ 'ਤੇ ਬਸੰਤ ਦਾ ਇੱਕ ਭਾਰੀ ਮੇਲਾ ਲੱਗਦਾ ਸੀ। ਬਸੰਤ ਵਾਲ਼ੇ ਦਿਨ ਮੁੰਡੇ ਪੀਲ਼ੀਆਂ ਪੱਗਾਂ ਬੰਨ੍ਹਦੇ ਹਨ ਤੇ ਕੁੜੀਆਂ ਪੀਲ਼ੀਆਂ ਚੁੰਨੀਆਂ ਲੈਂਦੀਆਂ ਹਨ। ਇਸ ਦਿਨ ਪੀਲ਼ਾ ਕੜਾਹ ਜਾਂ ਪੀਲ਼ੇ ਚੌਲ ਬਣਾਏ ਜਾਂਦੇ ਹਨ। ਇਸ ਤਰ੍ਹਾਂ ਬੰਸਤ ਦਾ ਮੌਸਮੀ ਮੇਲਿਆਂ ਵਿੱਚ ਬਹੁਤ ਮਹੱਤਵ ਹੈ।

(**ii**) ਪੰਜਾਬ ਦੇ ਲੋਕ-ਨਾਚ ਬਹੁਤ ਪ੍ਰਾਚੀਨ ਹਨ। ਪੰਜਾਬ ਵਿੱਚ ਪੰਜ ਹਜ਼ਾਰ ਈਸਵੀ ਪੂਰਵ ਤੋਂ ਲੋਕ-ਨਾਚ ਨੱਚਣ ਦੀ ਪਰੰਪਰਾ ਦੇ ਸਬੂਤ ਮਿਲਦੇ ਹਨ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਪਰੰਪਰਾ ਵਿੱਚ ਕਈ ਭੂਗੋਲਿਕ, ਸਮਾਜਿਕ ਅਤੇ ਵਿਸ਼ੇਸ਼ ਕਰਕੇ ਇਤਿਹਾਸਿਕ ਤਬਦੀਲੀਆਂ ਆ ਚੁੱਕੀਆਂ ਹਨ। ਅਨੇਕਾਂ ਜਨ-ਜਾਤੀਆਂ (ਦਰਾਵੜਾਂ ਤੋਂ ਅੰਗਰੇਜ਼ਾਂ ਤੱਕ) ਨੇ ਇਸ ਖਿੱਤੇ ਦੇ ਸੱਭਿਆਚਾਰਿਕ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ।

(**iii**) ਅੱਡੀ-ਛੜੱਪਾ ਜਾਂ ਅੱਡੀ-ਟੱਪਾ ਪੰਜਾਬ ਦੀਆਂ ਕੁੜੀਆਂ ਦੀ ਬਹੁਤ ਹਰਮਨ ਪਿਆਰੀ ਖੇਡ ਹੈ। ਇਹ ਖੇਡ ਖੇਡਣ ਵਾਲੀਆਂ ਕੁੜੀਆਂ ਨੂੰ ਦੋ ਟੋਲੀਆਂ ਵਿਚ ਵੰਡਿਆ ਜਾਂਦਾ ਹੈ। ਹਰ ਟੋਲੀ ਵਿੱਚ ਚਾਰ-ਪੰਜ ਕੁੜੀਆਂ ਹੁੰਦੀਆਂ ਹਨ। ਇਸ ਖੇਡ ਰਾਹੀਂ ਕੁੜੀਆਂ ਦੌੜਨ, ਉੱਚੀਆਂ ਛਾਲਾਂ ਮਾਰਨ ਅਤੇ ਆਪਣੇ ਸਰੀਰ ਨੂੰ ਆਪਣੇ ਕਾਬੂ ਵਿੱਚ ਰੱਖਣ ਦਾ ਅਭਿਆਸ ਕਰਦੀਆਂ ਹਨ। ਜੇ ਕਿਸੇ ਕੁੜੀ ਦਾ ਸਰੀਰ ਕਾਬੂ ਵਿੱਚ ਨਾ ਰਹੇ ਅਤੇ ਪੈਰ ਹੇਠਾਂ ਲੱਗ ਜਾਵੇ ਤਦ ਉਸ ਨੂੰ ਟੋਲੀ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**



Download FREE CBSE E-BOOKS
FREE!
CLICK HERE

Downloaded From : https://cbseportal.com/papers

